ਦਿੱਲੀ-ਐੱਨਸੀਆਰ 'ਚ ਵਾਹਨਾਂ ਦੇ ਧੂੰਏਂ ਕਾਰਨ ਤੇਜ਼ੀ ਨਾਲ ਫੈਲ ਰਿਹਾ ਪ੍ਰਦੂਸ਼ਣ : ਸੁਪਰੀਮ ਕੋਰਟ





ਨਵੀਂ ਦਿੱਲੀ, 10 ਨਵੰਬਰ : ਸੁਪਰੀਮ ਕੋਰਟ ਨੇ ਕਿਹਾ ਕਿ ਵਾਹਨਾਂ ਤੋਂ ਨਿਕਲਣ ਵਾਲੇ ਧੂੰਏਂ ਕਾਰਨ ਤੇਜ਼ੀ

■ ਦਿੱਲੀ, ਹਰਿਆਣਾ ਸਮੇਤ ਚਾਰ ਰਾਜਾਂ ਤੋਂ ਵਾਹਨਾਂ ਦੇ ਪ੍ਰਦੂਸ਼ਣ ਸਬੰਧੀ ਮੰਗਿਆ ਜਵਾਬ

ਨਾਲ ਪ੍ਰਦੂਸ਼ਣ 'ਚ ਹੋ ਵਾਧੇ ਦੇ ਮੱਦੇਨਜ਼ਰ ਤੁਰਤ ਦਖ਼ਲ ਦੇਣ ਦੀ ਲੋੜ ਹੈ ਅਤੇ ਉਸ ਨੇ ਦਿੱਲੀ ਅਤੇ ਇਸ ਦੇ ਤਿੰਨ ਗੁਆਂਢੀ ਰਾਜਾਂ ਦੀ ਸਰਕਾਰ ਨੂੰ ਨਿਰਧਾਰਤ ਸਮਾਂ ਸੀਮਾ ਪਾਰ ਕਰ ਚੁੱਕੇ ਵਾਹਨਾਂ ਦੇ ਰਾਸ਼ਟਰੀ ਰਾਜਧਾਨੀ ਖੇਤਰ (ਐੱਨਸੀਆਰ) ਵਿਚ ਆਵਾਜਾਈ ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦੇਣ ਦਾ ਨਿਰਦੇਸ਼ ਦਿਤਾ ਹੈ। ਸੁਪਰੀਮ ਕੋਰਟ ਨੇ ਦਿੱਲੀ, ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਦੀਆਂ ਸਰਕਾਰਾਂ, ਦਿੱਲੀ ਨਗਰ ਨਿਗਮ ਅਤੇ ਦਿੱਲੀ ਪੁਲਿਸ ਨੂੰ ਵਿਸਥਾਰਤ ਜਵਾਬ ਦਾਖ਼ਲ ਕਰਨ ਦਾ ਨਿਰਦੇਸ਼ ਦਿਤਾ। ਅਦਾਲਤ ਨੇ ਕਿਹਾ ਕਿ ਅਧਿਕਾਰੀਆਂ ਨੂੰ ਦੱਸਣਾ ਪਵੇਗਾ ਕਿ ਵਾਹਨਾਂ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ ਕਿਹੜੇ ਥੋੜ੍ਹੇ ਅਤੇ ਲੰਮੇ ਸਮੇਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਤੇ ਵੀ. ਮੋਹਨਾ ਦੇ ਬੈਂਚ ਨੇ ਕਿਹਾ ਕਿ ਦਿੱਲੀ ਅਤੇ ਗੁਆਂਢੀ ਸੂਬਿਆਂ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ ਕਾਫ਼ੀ ਕਮੀ ਆਈ ਹੈ, ਜੋ ਕਿ ਸ਼ਲਾਘਾਯੋਗ ਹੈ। ਪਰ ਇਸ ਦੇ ਨਾਲ ਹੀ ਵਾਹਨਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਦਿੱਲੀ ਵਿਚ ਸਿਰਫ਼ ਸਥਾਨਕ ਵਾਹਨ ਹੀ ਨਹੀਂ, ਸਗੋਂ ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਤੋਂ ਆਉਣ ਵਾਲੇ ਵਾਹਨ ਵੀ ਪ੍ਰਦੂਸ਼ਣ ਵਧਾ ਰਹੇ ਹਨ। ਅਦਾਲਤ ਨੇ ਪੁੱਛਿਆ ਹੈ ਕਿ ਪ੍ਰਦੂਸ਼ਣ ਮਾਪਦੰਡਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੀ ਪਛਾਣ ਅਤੇ ਨਿਗਰਾਨੀ ਕਿਵੇਂ ਕੀਤੀ ਜਾ ਰਹੀ ਹੈ। ਪ੍ਰਦੂਸ਼ਣ ਜਾਂਚ ਸਰਟੀਫ਼ਿਕੇਟ (ਪੀਯੂਸੀ) ਦੀ ਸ਼ਰਤ ਲਾਗੂ ਕਰਨ ਅਤੇ ਪੁਰਾਣੇ ਵਾਹਨਾਂ ਨੂੰ ਐੱਨਸੀਆਰ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਕੀ ਪ੍ਰਬੰਧ ਕੀਤੇ ਗਏ ਹਨ। ਅਧਿਕਾਰੀਆਂ ਨੂੰ ਇਹ ਵੀ ਦੱਸਣਾ ਪਵੇਗਾ ਕਿ ਕਿੰਨੇ ਵਾਹਨਾਂ ਦੀ ਜਾਂਚ ਕੀਤੀ ਗਈ, ਕਿੰਨਿਆਂ ਦੇ ਚਲਾਨ ਕੱਟੇ ਗਏ ਅਤੇ ਕਿੰਨਿਆਂ ਨੂੰ ਦਾਖ਼ਲ ਹੋਣ ਤੋਂ ਰੋਕਿਆ ਗਿਆ। ਬੈਂਚ ਨੇ ਦਿੱਲੀ ਅਤੇ ਗੁਆਂਢੀ ਸੂਬਿਆਂ ਵਿਚਾਲੇ ਵਾਹਨਾਂ ਦੀ ਆਵਾਜਾਈ ਨੂੰ ਨਿਯਮਤ ਕਰਨ ਲਈ ਤਾਲਮੇਲ ਦੇ ਪ੍ਰਬੰਧਾਂ ਬਾਰੇ ਵੀ ਜਾਣਕਾਰੀ ਮੰਗੀ ਹੈ। ਸੂਬਿਆਂ ਨੂੰ ਦੋ ਹਫ਼ਤਿਆਂ ਅੰਦਰ ਅਪਣੇ ਜਵਾਬ ਦਾਖ਼ਲ ਕਰਨ ਅਤੇ ਹਵਾ ਦੀ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀਏਕਿਊਐੱਮ) ਵਲੋਂ ਦਿਤੇ ਸੁਝਾਵਾਂ 'ਤੇ ਕੀਤੀ ਕਾਰਵਾਈ ਬਾਰੇ ਦੱਸਣ ਲਈ ਕਿਹਾ ਗਿਆ ਹੈ। ਇਹ ਹੁਕਮ 6 ਨਵੰਬਰ ਨੂੰ ਹਵਾ ਪ੍ਰਦੂਸ਼ਣ ਸਬੰਧੀ ਖ਼ੁਦ ਨੋਟਿਸ ਲੈ ਕੇ ਸ਼ੁਰੂ ਕੀਤੇ ਕੇਸ ਦੀ ਸੁਣਵਾਈ ਦੌਰਾਨ ਦਿਤੇ ਗਏ। ਅਦਾਲਤ ਨੇ ਵਾਹਨਾਂ ਦੇ ਪ੍ਰਦੂਸ਼ਣ ਨਾਲ ਸਬੰਧਤ ਮਾਮਲੇ ਦੀ ਅਗਲੀ ਸੁਣਵਾਈ 23 ਨਵੰਬਰ ਨੂੰ ਰੱਖੀ ਹੈ। **(ਪੀਟੀਆਈ)**

ਦਿੱਲੀ 'ਚ 'ਨਮੋ ਯਮੁਨਾ ਰਿਵਰ ਕਰੂਜ਼ ਸੇਵਾ' ਹੋਈ ਸ਼ੁਰੂ



ਨਵੀਂ ਦਿੱਲੀ, 10 ਨਵੰਬਰ : ਕੇਂਦਰੀ ਬੰਦਰਗਾਹਾਂ, ਜਹਾਜ਼ਰਾਨੀ ਅਤੇ ਜਲਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਤੇ ਮੁੱਖ ਮੰਤਰੀ ਰੇਖਾ ਗੁਪਤਾ

■ ਜਲਮਾਰਗ ਮੰਤਰੀ ਸੋਨੋਵਾਲ ਨੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਕੀਤਾ ਉਦਘਾਟਨ

ਨੇ ਮੰਗਲਵਾਰ ਨੂੰ ਉੱਤਰ-ਪੂਰਬੀ ਦਿੱਲੀ ਵਿਚ ਸੋਨੀਆ ਵਿਹਾਰ ਤੋਂ ਜਗਤਪੁਰੀ ਤੱਕ ਲਗਭਗ ਛੇ ਕਿਲੋਮੀਟਰ ਲੰਬੀ 'ਨਮੋ ਯਮੁਨਾ ਰਿਵਰ ਕਰੂਜ਼ ਸੇਵਾ' ਦਾ ਉਦਘਾਟਨ ਕੀਤਾ। ਉਦਘਾਟਨ ਤੋਂ ਬਾਅਦ, ਸੋਨੋਵਾਲ ਅਤੇ ਗੁਪਤਾ ਨੇ ਦਿੱਲੀ ਸਰਕਾਰ ਦੇ ਮੰਤਰੀਆਂ ਨਾਲ ਕਰੂਜ਼ ਦੀ ਸਵਾਰੀ ਵੀ ਕੀਤੀ। ਇਕ ਅਧਿਕਾਰਤ ਬਿਆਨ ਦੇ ਅਨੁਸਾਰ, ਪੂਰੀ ਯਾਤਰਾ ਵਿਚ ਲਗਭਗ 35 ਤੋਂ 45 ਮਿੰਟ ਲੱਗਣਗੇ। ਬਿਆਨ ਵਿਚ ਕਿਹਾ ਗਿਆ ਹੈ ਕਿ ਸੋਨੀਆ ਵਿਹਾਰ ਵਿਚ ਵਿਕਸਤ ਪ੍ਰਾਜੈਕਟ ਵਿਚ ਬੱਚਿਆਂ ਦਾ ਖੇਡ ਖੇਤਰ, ਇਕ ਥੀਮ-ਅਧਾਰਤ ਸੰਗੀਤਕ ਫ਼ੁਹਾਰਾ, ਇਕ ਫੂਡ ਕੋਰਟ, ਵਪਾਰਕ ਦੁਕਾਨਾਂ ਅਤੇ ਸੈਲਾਨੀਆਂ ਅਤੇ ਪਰਵਾਰਾਂ ਲਈ ਮਨੋਰੰਜਨ ਸਹੂਲਤਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਯਮੁਨਾ ਦੇ ਕੁਦਰਤੀ ਵਾਤਾਵਰਣ ਦਾ ਆਨੰਦ ਲੈਣ ਲਈ ਵਾਤਾਵਰਣ ਸਬੰਧੀ ਕੁਦਰਤ ਦੇ ਰਸਤੇ ਅਤੇ ਪੈਦਲ ਚੱਲਣ ਵਾਲੇ ਰਸਤੇ ਬਣਾਏ ਗਏ ਹਨ। ਇਸ ਵਿਚ ਕਿਹਾ ਗਿਆ ਹੈ ਕਿ ਯਾਤਰੀਆਂ ਲਈ 50 ਰੁਪਏ ਦੀ ਐਂਟਰੀ ਫੀਸ ਅਤੇ ਪੂਰੀ ਕਰੂਜ਼ ਯਾਤਰਾ ਦੀ ਫ਼ੀਸ 500 ਰੁਪਏ ਨਿਰਧਾਰਤ ਕੀਤੀ ਗਈ ਹੈ। ਪ੍ਰਾਜੈਕਟ ਤਹਿਤ, ਸੋਨੀਆ ਵਿਹਾਰ ਤੋਂ ਜਗਤਪੁਰ ਤੱਕ ਦੇ ਖੇਤਰ ਵਿਚ ਮਨੋਰੰਜਨ ਕਰੂਜ਼ ਅਤੇ ਫੈਰੀ ਸੇਵਾਵਾਂ ਵਿਕਸਤ ਕੀਤੀਆਂ ਗਈਆਂ ਹਨ। ਸੋਨੀਆ ਵਿਹਾਰ ਵਿਖੇ ਇਕ ਪੂਰੀ ਤਰ੍ਹਾਂ ਵਿਕਸਤ ਵਾਟਰਫਰੰਟ ਟਰਮੀਨਲ ਸਥਾਪਤ ਕੀਤਾ ਗਿਆ ਹੈ। ਇਸ ਪਹਿਲਕਦਮੀ ਦਾ ਉਦੇਸ਼ ਗ੍ਰੀਨ ਟਰਾਂਸਪੋਰਟ, ਸ਼ਹਿਰੀ ਸੈਰ-ਸਪਾਟਾ ਅਤੇ ਜਨਤਕ ਸਹੂਲਤਾਂ ਨੂੰ ਉਤਸ਼ਾਹਤ ਕਰ ਕੇ ਦਿੱਲੀ ਦੀ ਕੁਦਰਤੀ ਅਤੇ ਸਭਿਆਚਾਰਕ ਵਿਰਾਸਤ ਨੂੰ ਮੁੜ ਪਰਿਭਾਸ਼ਿਤ ਕਰਨਾ ਹੈ।

ਇਕ ਨਜ਼ਰ...

ਸੀਆਈਐਸਸੀਈ ਬੋਰਡ ਦੀਆਂ 10ਵੀਂ ਦੀਆਂ 15 ਫ਼ਰਵਰੀ ਤੇ 12ਵੀਂ ਦੀਆਂ ਪ੍ਰੀਖਿਆਵਾਂ 9 ਫ਼ਰਵਰੀ ਤੋਂ

ਦਿੱਲੀ, 10 ਨਵੰਬਰ : 'ਕੌਂਸਲ ਫਾਰ ਦਿ ਇੰਡੀਅਨ ਸਕੂਲ ਸਰਟੀਫ਼ਿਕੇਟ ਐਗਜ਼ਾਮੀਨੇਸ਼ਨਜ਼' (ਸੀਆਈਐਸਸੀਈ) ਨੇ ਮੰਗਲਵਾਰ ਨੂੰ ਸਾਲ 2027 ਦੀਆਂ ਬੋਰਡ ਪ੍ਰੀਖਿਆਵਾਂ ਲਈ ਸ਼ਡਿਊਲ ਦਾ ਐਲਾਨ ਕਰ ਦਿਤਾ ਹੈ, ਜਿਸ ਅਨੁਸਾਰ 10ਵੀਂ ਜਮਾਤ ਦੀਆਂ ਪ੍ਰੀਖਿਆਵਾਂ 15 ਫ਼ਰਵਰੀ ਤੋਂ ਲੈ ਕੇ 31 ਤਕ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ 9 ਫ਼ਰਵਰੀ ਤੋਂ 8 ਅਪ੍ਰੈਲ ਤਕ ਹੋਣਗੀਆਂ। ਕੁੱਲ 3,79,980 ਵਿਦਿਆਰਥੀ ਦੋਵੇਂ ਪ੍ਰੀਖਿਆਵਾਂ ਵਿਚ ਹਿੱਸਾ ਲੈਣਗੇ। ਆਈਸੀਐਸਈ (10ਵੀਂ) ਦੀ ਪ੍ਰੀਖਿਆ ਵਿਚ 3,106 ਮਾਨਤਾ ਪ੍ਰਾਪਤ ਸਕੂਲਾਂ ਦੇ 2,70,000 ਵਿਦਿਆਰਥੀ, ਜਦੋਂ ਕਿ ਆਈਐਸਸੀ (12ਵੀਂ) ਪ੍ਰੀਖਿਆ ਵਿਚ 1,651 ਸਕੂਲਾਂ ਦੇ 1,10,000 ਤੋਂ ਵੱਧ ਵਿਦਿਆਰਥੀ ਹਿੱਸਾ ਲੈਣਗੇ। ਆਈਸੀਐਸਈ ਪ੍ਰੀਖਿਆ ਵਿਚ 76 ਵਿਸ਼ੇ ਸ਼ਾਮਲ ਹੋਣਗੇ, ਜਦੋਂ ਕਿ ਆਈਐਸਸੀ ਪ੍ਰੀਖਿਆ ਵਿਚ 60 ਵਿਸ਼ੇ ਸ਼ਾਮਲ ਹੋਣਗੇ। ਇਹ ਪ੍ਰੀਖਿਆ ਭਾਰਤ ਅਤੇ ਵਿਦੇਸ਼ਾਂ ਵਿਚ ਕੁੱਲ 2,835 ਪ੍ਰੀਖਿਆ ਕੇਂਦਰਾਂ 'ਤੇ ਲਈ ਜਾਵੇਗੀ। **(ਪੀਟੀਆਈ)**

ਇੰਦੌਰ 'ਚ ਦਿਲਜੀਤ ਦਾ ਪ੍ਰੋਗਰਾਮ ਨਾ ਰੋਕਣ 'ਤੇ ਗਵਾਲੀਅਰ ਹਾਈ ਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਗਵਾਲੀਅਰ, 10 ਨਵੰਬਰ : ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ 15 ਨਵੰਬਰ ਨੂੰ ਇੰਦੌਰ ਵਿਚ ਹੋਣ ਵਾਲੇ ਪ੍ਰੋਗਰਾਮ ਸਬੰਧੀ ਮੱਧ ਪ੍ਰਦੇਸ਼ ਹਾਈ ਕੋਰਟ ਦੀ ਗਵਾਲੀਅਰ ਬੈਂਚ ਦੀ ਇਮਾਰਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਇਕ ਈਮੇਲ ਭੇਜੀ ਗਈ, ਜਿਸ ਤੋਂ ਬਾਅਦ ਪੁਲਿਸ ਅਤੇ ਪ੍ਰਸ਼ਾਸਨ ਨੂੰ ਹਾਈ ਅਲਰਟ 'ਤੇ ਕਰ ਦਿਤਾ ਗਿਆ ਹੈ। ਪੁਲਿਸ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਪੁਲਿਸ ਅਨੁਸਾਰ, ਧਮਕੀ ਭਰੀ ਈਮੇਲ ਹਾਈ ਕੋਰਟ ਦੀ ਅਧਿਕਾਰਤ ਵੈੱਬਸਾਈਟ 'ਤੇ ਭੇਜੀ ਗਈ, ਜਿਸ ਤੋਂ ਬਾਅਦ ਕੰਪਲੈਕਸ ਵਿਚ ਸੁਰੱਖਿਆ ਵਧਾ ਦਿਤੀ ਗਈ ਹੈ। ਸ਼ਹਿਰ ਦੇ ਪੁਲਿਸ ਸੁਪਰਡੈਂਟ (ਸੀਐਸਪੀ) ਰੌਬਿਨ ਜੈਨ ਨੇ ਦਸਿਆ ਕਿ ਈਮੇਲ ਵਿਚ ਧਮਕੀ ਦਿਤੀ ਗਈ ਹੈ ਕਿ ਜੇਕਰ ਦਿਲਜੀਤ ਦੋਸਾਂਝ ਦਾ 15 ਨਵੰਬਰ ਨੂੰ ਇੰਦੌਰ ਵਿਚ ਹੋਣ ਵਾਲਾ ਪ੍ਰੋਗਰਾਮ ਨਹੀਂ ਰੋਕਿਆ ਗਿਆ ਤਾਂ ਹਾਈ ਕੋਰਟ ਦੀ ਇਮਾਰਤ ਅਤੇ ਕੁਝ ਹੋਰ ਸੰਸਥਾਵਾਂ ਨੂੰ ਬੰਬ ਨਾਲ ਉਡਾ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਿਸ ਅਲਰਟ 'ਤੇ ਹੈ ਅਤੇ ਅਦਾਲਤ ਕੰਪਲੈਕਸ ਵਿਚ ਸੁਰੱਖਿਆ ਵਧਾ ਦਿਤੀ ਗਈ ਹੈ। ਦਿਲਜੀਤ ਦੋਸਾਂਝ ਦਾ ਪ੍ਰੋਗਰਾਮ 15 ਨਵੰਬਰ ਨੂੰ ਇੰਦੌਰ ਵਿਚ ਹੋਣਾ ਤੈਅ ਹੈ। **(ਪੀਟੀਆਈ)**

ਜ਼ਮਾਨਤ ਦੇ ਬਾਵਜੂਦ ਜੇਲਾਂ 'ਚ ਬੰਦ ਕੈਦੀਆਂ ਦੀ ਰਿਹਾਈ ਦੀ ਜ਼ਿੰਮੇਵਾਰੀ ਰਾਜ ਸਕਰਾਰ ਦੀ : ਸੁਪਰੀਮ ਕੋਰਟ

ਨਵੀਂ ਦਿੱਲੀ, 10 ਨਵੰਬਰ : ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਰਾਜ ਦੀਆਂ ਜੇਲਾਂ 'ਚ ਬੰਦ ਅਜਿਹੇ ਵਿਚਾਰ ਅਧੀਨ ਕੈਦੀਆਂ ਦੀ ਪਛਾਣ ਕਰਨ ਦਾ ਨਿਰਦੇਸ਼ ਦਿਤਾ ਹੈ ਜਿਨ੍ਹਾਂ ਨੂੰ ਜ਼ਮਾਨਤ ਮਿਲ ਚੁਕੀ ਹੈ ਪਰ ਜ਼ਮਾਨਤਦਾਰ ਨਾ ਮਿਲ ਸਕਣ ਅਤੇ ਹੋਰ ਸ਼ਰਤਾਂ ਪੂਰੀਆਂ ਨਾ ਕਰ ਪਾਉਣ ਕਾਰਨ ਉਹ ਰਿਹਾਅ ਨਹੀਂ ਹੋ ਸਕੇ ਹਨ। ਅਦਾਲਤ ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਜੇਲਾਂ ਤੋਂ ਰਿਹਾਅ ਕਰਨਾ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਇਸ ਦਾ ਨਿਰਦੇਸ਼ ਉਨ੍ਹਾਂ ਵਿਚਾਰ ਅਧੀਨ ਕੈਦੀਆਂ 'ਤੇ ਵੀ ਲਾਗੂ ਹੁੰਦਾ ਹੈ ਜੋ ਵਕੀਲਾਂ ਨੂੰ ਸ਼ਾਮਲ ਕਰਨ ਦੇ ਬਾਵਜੂਦ, ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕੇ ਹਨ। ਜਸਟਿਸ ਐੱਮ.ਐੱਮ. ਸੁੰਦਰੇਸ਼ ਅਤੇ ਪ੍ਰਸੰਨਾ ਬੀ. ਵਰਾਲੇ ਦੇ ਬੈਂਚ ਨੂੰ ਸੂਚਿਤ ਕੀਤਾ ਗਿਆ ਕਿ ਉੱਤਰ ਪ੍ਰਦੇਸ਼ ਦੇ 20 ਜ਼ਿਲ੍ਹਿਆਂ 'ਚ 264 ਵਿਚਾਰ ਅਧੀਨ ਕੈਦੀ ਹਨ ਜਿਨ੍ਹਾਂ ਨੂੰ ਜ਼ਮਾਨਤ ਮਿਲ ਗਈ ਹੈ ਪਰ ਅਧੀਨ ਅਦਾਲਤਾਂ ਦੁਆਰਾ ਜ਼ਮਾਨਤਾਂ ਦੀ ਵਿਵਸਥਾ ਸੰਬੰਧੀ ਲਗਾਈਆਂ ਗਈਆਂ ਸ਼ਰਤਾਂ ਅਤੇ ਹੋਰ ਕਾਨੂੰਨੀ ਰਸਮਾਂ ਨੂੰ ਪੂਰਾ ਕਰਨ 'ਚ ਅਸਮਰੱਥਾ ਕਾਰਨ ਰਿਹਾਅ ਨਹੀਂ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਕੀਲ ਨੇ ਅਦਾਲਤ ਨੂੰ ਦਸਿਆ ਕਿ ਇਨ੍ਹਾਂ 264 ਕੈਦੀਆਂ 'ਚੋਂ 158 ਨੂੰ ਰਿਹਾਅ ਕਰ ਦਿਤਾ ਗਿਆ ਹੈ ਅਤੇ ਬਾਕੀ 106 ਦੇ ਸਬੰਧ 'ਚ ਢੁਕਵਾਂ ਫ਼ੈਸਲਾ ਲਿਆ ਜਾਵੇਗਾ। 4 ਨਵੰਬਰ ਨੂੰ ਪਾਸ ਕੀਤੇ ਅਪਣੇ ਹੁਕਮ 'ਚ ਬੈਂਚ ਨੇ ਕਿਹਾ, "ਬੇਨਤੀਆਂ 'ਤੇ ਵਿਚਾਰ ਕਰਦੇ ਹੋਏ, ਅਸੀਂ ਉੱਤਰ ਪ੍ਰਦੇਸ਼ ਸਰਕਾਰ ਨੂੰ ਉਨ੍ਹਾਂ ਵਿਚਾਰ ਅਧੀਨ ਕੈਦੀਆਂ ਦੇ ਸਬੰਧ 'ਚ ਸਬੰਧਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਪ੍ਰਕਿਰਿਆ ਪੂਰੀ ਕਰਨ ਦਾ ਨਿਰਦੇਸ਼ ਦਿੰਦੇ ਹਾਂ ਜਿਨ੍ਹਾਂ ਨੂੰ ਜ਼ਮਾਨਤ ਦਿਤੀ ਗਈ ਹੈ ਪਰ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਨਾ ਹੋਣ ਕਾਰਨ ਰਿਹਾਅ ਨਹੀਂ ਕੀਤਾ ਗਿਆ ਹੈ।" **(ਪੀਟੀਆਈ)**

ਗੁਰਦੁਆਰਿਆਂ 'ਤੇ ਹਮਲਿਆਂ ਬਾਰੇ ਅਮਰੀਕੀ ਕਮਿਸ਼ਨ ਦੀਆਂ ਟਿੱਪਣੀਆਂ ਨੂੰ ਭਾਰਤ ਨੇ ਕੀਤਾ ਰੱਦ

ਨਵੀਂ ਦਿੱਲੀ, 10 ਨਵੰਬਰ : ਭਾਰਤ ਨੇ ਮੰਗਲਵਾਰ ਨੂੰ ਅਮਰੀਕੀ ਅੰਤਰਰਾਸ਼ਟਰੀ ਧਾਰਮਕ ਆਜ਼ਾਦੀ ਕਮਿਸ਼ਨ ਨੂੰ ਪੱਖਪਾਤੀ ਅਤੇ ਸਪੱਸ਼ਟ ਤੌਰ 'ਤੇ ਰਾਜਨੀਤਕ ਏਜੰਡਾ ਰੱਖਣ ਵਾਲਾ ਸੰਗਠਨ ਦੱਸਦਿਆਂ ਉਸ ਦੇ ਦੋ ਸੀਨੀਅਰ ਅਧਿਕਾਰੀਆਂ ਦੇ ਬਿਆਨਾਂ ਨੂੰ ਰੱਦ ਕਰ ਦਿਤਾ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਵਿਚ ਸਿੱਖ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਨਿਗਰਾਨੀ ਸਮੂਹਾਂ ਦੁਆਰਾ ਹਗਲੇ ਕੀਤੇ ਜਾ ਰਹੇ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਸਵਾਲ ਵੀ ਕੀਤਾ ਕਿ ਕਮਿਸ਼ਨ ਅਮਰੀਕਾ ਵਿਚ ਧਾਰਮਕ ਸਥਾਨਾਂ 'ਤੇ ਹਮਲਿਆਂ ਅਤੇ ਉੱਥੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਨਸਲੀ ਟਿੱਪਣੀਆਂ 'ਤੇ ਚੁੱਪ ਕਿਉਂ ਹੈ। ਪਿਛਲੇ ਹਫ਼ਤੇ ਕਮਿਸ਼ਨ ਦੇ ਦੋ ਸੀਨੀਅਰ ਅਧਿਕਾਰੀਆਂ ਨੇ ਭਾਰਤ ਵਿਚ ਗੁਰਦੁਆਰਿਆਂ 'ਤੇ 'ਹਮਲਿਆਂ' ਦਾ ਦੋਸ਼ ਲਗਾਉਂਦੇ ਹੋਏ ਅਮਰੀਕੀ ਸਰਕਾਰ 'ਤੇ ਨਵੀਂ ਦਿੱਲੀ 'ਤੇ ਦਬਾਅ ਪਾਉਣ ਲਈ ਕਿਹਾ ਸੀ। ਕਮਿਸ਼ਨ ਦੇ ਅਧਿਕਾਰੀਆਂ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਜੈਸਵਾਲ ਨੇ ਕਿਹਾ, "ਇਹ ਕਮਿਸ਼ਨ ਪੱਖਪਾਤੀ ਅਤੇ ਗਲਤ ਜਾਣਕਾਰੀ ਵਾਲਾ ਸੰਗਠਨ ਹੈ ਜਿਸਦਾ ਸਪੱਸ਼ਟ ਤੌਰ 'ਤੇ ਰਾਜਨੀਤਕ ਏਜੰਡਾ ਹੈ।"

ਚੋਣ ਕਮਿਸ਼ਨ ਨੇ ਸੇਵਾਮੁਕਤ ਸਰਕਾਰੀ ਅਧਿਕਾਰੀਆਂ 'ਤੇ ਆਦਰਸ਼ ਚੋਣ ਜ਼ਾਬਤੇ ਦੀਆਂ ਪਾਬੰਦੀਆਂ ਲਗਾਈਆਂ



ਨਵੀਂ ਦਿੱਲੀ, 10 ਨਵੰਬਰ : ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਕਿਹਾ ਕਿ ਆਦਰਸ਼ ਚੋਣ ਜ਼ਾਬਤੇ (ਐਮ.ਸੀ.ਸੀ.) ਅਧੀਨ ਸਰਕਾਰੀ ਕਰਮਚਾਰੀਆਂ 'ਤੇ ਲਾਗੂ ਪਾਬੰਦੀਆਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਦੁਆਰਾ ਨਿਯੁਕਤ ਸੇਵਾਮੁਕਤ ਸਰਕਾਰੀ ਅਧਿਕਾਰੀਆਂ ਅਤੇ ਹੋਰ ਵਿਅਕਤੀਆਂ 'ਤੇ ਵੀ ਲਾਗੂ ਹੋਣਗੀਆਂ। ਚੋਣ ਕਮਿਸ਼ਨ ਨੇ ਗੋਆ, ਮਨੀਪੁਰ, ਪੰਜਾਬ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੇ ਮੁੱਖ ਸਕੱਤਰਾਂ ਅਤੇ ਮੁੱਖ ਚੋਣ ਅਧਿਕਾਰੀਆਂ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਰਾਜਨੀਤਕ ਤੌਰ 'ਤੇ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਪਾਰਟੀ ਦੇ ਚੋਣ ਪ੍ਰਚਾਰ ਜਾਂ ਕਿਸੇ ਵੀ ਉਮੀਦਵਾਰ ਦੇ ਸਮਰਥਨ ਵਿਚ ਹਿੱਸਾ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਨ੍ਹਾਂ ਪੰਜ ਰਾਜਾਂ ਵਿਚ ਅਗਲੇ ਸਾਲ ਦੇ ਸ਼ੁਰੂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਆਦਰਸ਼ ਚੋਣ ਜ਼ਾਬਤੇ ਦੇ ਉਪਬੰਧ ਸਾਰੇ ਸੰਗਠਨਾਂ, ਕਮੇਟੀਆਂ, ਕਾਰਪੋਰੇਸ਼ਨਾਂ ਅਤੇ ਕਮਿਸ਼ਨਾਂ ਅਤੇ ਉਨ੍ਹਾਂ ਦੇ ਕਰਮਚਾਰੀਆਂ 'ਤੇ ਵੀ ਲਾਗੂ ਹੁੰਦੇ ਹਨ ਜਿਨ੍ਹਾਂ ਨੂੰ ਸਰਕਾਰ ਤੋਂ ਪੂਰਾ ਜਾਂ ਅੰਸ਼ਕ ਤੌਰ 'ਤੇ ਫ਼ੰਡ ਮਿਲਦਾ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਸਬੰਧਤ ਸੇਵਾ ਆਚਰਨ ਨਿਯਮ ਸਰਕਾਰੀ ਕਰਮਚਾਰੀਆਂ ਨੂੰ ਰਾਜਨੀਤਕ ਗਤੀਵਿਧੀਆਂ ਅਤੇ ਚੋਣ ਮੁਹਿੰਮਾਂ ਵਿਚ ਹਿੱਸਾ ਲੈਣ ਤੋਂ ਰੋਕਦੇ ਹਨ।

ਸੋਨੀਆ ਗਾਂਧੀ ਦੀ ਕਿਤਾਬ ਲਈ ਦਿੱਲੀ ਦੀਆਂ ਦੁਕਾਨਾਂ 'ਤੇ ਲੱਗੀਆਂ ਲੰਬੀਆਂ ਕਤਾਰਾਂ



ਨਵੀਂ ਦਿੱਲੀ, 10 ਨਵੰਬਰ : ਕਾਂਗਰਸ ਨੇਤਾ ਸੋਨੀਆ ਗਾਂਧੀ ਦੀ ਕਿਤਾਬ 'ਬੈਲੋਂਗਿੰਗ: ਏ ਜਰਨੀ ਆਫ਼ ਲਵ' ਦੀਆਂ ਕਾਪੀਆਂ ਖ਼ਰੀਦਣ ਲਈ

■ ਈ-ਕਾਮਰਸ ਮੰਚਾਂ 'ਤੇ ਉਪਲਬੱਧ ਹੋਈ ਕਿਤਾਬ

ਮੰਗਲਵਾਰ ਨੂੰ ਕੇਂਦਰੀ ਦਿੱਲੀ ਦੀਆਂ ਕਿਤਾਬਾਂ ਦੀਆਂ ਦੁਕਾਨਾਂ 'ਤੇ ਪਾਠਕਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ। ਕਿਤਾਬ ਵਿਕਰੇਤਾਵਾਂ ਨੇ ਦਸਿਆ ਕਿ ਪਹਿਲੇ ਹੀ ਦਿਨ ਕਿਤਾਬ ਨੂੰ ਜ਼ਬਰਦਸਤ ਹੁੰਗਾਰਾ ਮਿਲਿਆ। ਦੁਕਾਨਦਾਰਾਂ ਨੇ ਵੀ ਇਸ ਮੰਗ ਦੀ ਮਹੱਤਤਾ 'ਤੇ ਜ਼ੋਰ ਦਿਤਾ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਕਿਤਾਬਾਂ ਦੀ ਵਿਕਰੀ ਵਧਦੀ ਹੈ ਅਤੇ ਦੁਕਾਨਾਂ ਦੇ ਆਉਣ ਵਾਲੇ ਲੋਕਾਂ ਦੀ ਗਿਣਤੀ ਵੀ ਵਧਦੀ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦੁਕਾਨਾਂ ਦਾ ਕੁੱਲ ਕਾਰੋਬਾਰ ਬਿਹਤਰ ਹੁੰਦਾ ਹੈ। ਸਿਰਫ਼ ਦੁਕਾਨਾਂ 'ਤੇ ਹੀ ਨਹੀਂ ਸਗੋਂ ਸੋਨੀਆ ਗਾਂਧੀ ਦੀ ਕਿਤਾਬ ਹੁਣ ਕਈ ਈ ਕਾਮਰਜ ਮੰਚਾਂ 'ਤੇ ਵੀ ਵਿਕਰੀ ਲਈ ਉਪਲਬੱਧ ਹੋ ਗਈ ਹੈ। ਇਹ ਕਿਤਾਬ ਹੁਣ ਬਲਿੰਕਇਟ ਪਲੇਟਫਾਰਮ 'ਤੇ ਵਿਕਰੀ ਲਈ ਉਪਲਬਧ ਹੈ। ਇਹ ਪਲੇਟਫਾਰਮ ਦੇ ਵਿਸਥਾਰ ਨੂੰ ਦਰਸਾਉਂਦਾ ਹੈ, ਜੋ ਕਿ ਕਿਤਾਬ ਅਤੇ ਪ੍ਰਕਾਸ਼ਨ ਖੇਤਰ ਵਿਚ ਕਰਿਆਨੇ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਦੀ ਤੁਰਤ ਡਿਲੀਵਰੀ ਪ੍ਰਦਾਨ ਕਰਦਾ ਹੈ। ਬਲਿੰਕਇਟ 'ਤੇ ਉਪਲਬਧ ਉਤਪਾਦਾਂ ਦੀ ਸੂਚੀ ਅਨੁਸਾਰ, ਕਿਤਾਬ ਪਲੇਟਫਾਰਮ 'ਤੇ 849 ਵਿਚ ਉਪਲਬਧ ਹੈ। ਹਾਰਡਕਵਰ ਵਿਚ ਛਪੀ ਕਿਤਾਬ ਦੀ ਕੀਮਤ 1,299 ਹੈ। ਇਸ ਤਰ੍ਹਾਂ ਇਹ ਲਗਭਗ 35 ਪ੍ਰਤੀਸ਼ਤ ਦੀ ਛੋਟ 'ਤੇ ਉਪਲਬਧ ਹੈ। ਇਹ ਕਿਤਾਬ ਮੰਗਲਵਾਰ ਸਵੇਰੇ 10 ਵਜੇ ਤੋਂ ਦੇਸ਼ ਭਰ ਵਿਚ ਵਿਕਰੀ ਲਈ ਸ਼ੁਰੂ ਹੋਈ। ਇਹ ਚੋਣਵੇਂ ਕਿਤਾਬਾਂ ਦੀਆਂ ਦੁਕਾਨਾਂ ਅਤੇ ਪ੍ਰਚੂਨ ਵਿਕਰੇਤਾਵਾਂ 'ਤੇ ਉਪਲਬਧ ਹੈ, ਜਿਨ੍ਹਾਂ ਵਿਚ ਦਿੱਲੀ ਦੇ ਬਹਿਰੀਸਨ ਅਤੇ ਮਿਡਲੈਂਡ, ਚੇਨਈ ਦੇ ਹਿਗਿਨਬੋਥਮ ਅਤੇ ਕਈ ਰਾਜਾਂ ਵਿਚ ਕਰਾਸਵਰਡ ਸਟੋਰ ਸ਼ਾਮਲ ਹਨ। **(ਪੀਟੀਆਈ)**

ਹਾਈ ਕੋਰਟ ਨੇ ਵਕੀਲਾਂ ਨੂੰ ਬੀਐੱਸ-6 ਵਾਹਨਾਂ 'ਤੇ ਲੱਗੀ ਰੋਕ ਤੋਂ ਦਿਤੀ ਛੋਟ



ਨਵੀਂ ਦਿੱਲੀ, 10 ਨਵੰਬਰ : ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਅਦਾਲਤਾਂ ਦਾ ਕੰਮ-ਕਾਰ ਸੁਚੱਜੇ ਢੰਗ ਨਾਲ ਚਲਾਉਣ ਲਈ ਵਕੀਲਾਂ ਅਤੇ ਨਿਆਂਇਕ ਅਮਲੇ ਦੀ ਹਾਜ਼ਰੀ ਬਹੁਤ ਜ਼ਰੂਰੀ ਹੈ, ਇਸ ਲਈ ਉਨ੍ਹਾਂ ਨੂੰ ਦਿੱਲੀ ਤੋਂ ਬਾਹਰ ਰਜਿਸਟਰਡ ਬੀਐੱਸ-6 (ਪੁਰਾਣੇ) ਵਾਹਨ ਲੈ ਕੇ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਸ਼ਹਿਰ ਪ੍ਰਸ਼ਾਸਨ ਵਲੋਂ ਦਿੱਲੀ ਤੋਂ ਬਾਹਰ ਰਜਿਸਟਰਡ ਬੀਐਸ 6 ਵਾਹਨਾਂ 'ਤੇ ਲਗਾਈ ਤਿੰਨ ਮਹੀਨਿਆਂ ਦੀ ਪਾਬੰਦੀ ਤੋਂ ਵਕੀਲਾਂ ਅਤੇ ਅਦਾਲਤੀ ਅਮਲੇ ਨੂੰ ਛੋਟ ਦਿੰਦਿਆਂ ਜਸਟਿਸ ਅਮਿਤ ਮਹਾਜਨ ਨੇ ਕਿਹਾ ਕਿ ਅਧਿਕਾਰੀ ਅਜੇ ਤੱਕ ਇਹ ਸਪੱਸ਼ਟ ਨਹੀਂ ਕਰ ਸਕੇ ਕਿ ਜਿਹੜੇ ਵਾਹਨ ਅਕਤੂਬਰ ਤੱਕ ਪ੍ਰਦੂਸ਼ਣ ਨਹੀਂ ਫੈਲਾ ਰਹੇ ਸਨ, ਉਹ ਅਚਾਨਕ ਪ੍ਰਦੂਸ਼ਣ ਦੇ ਵੱਡੇ ਸਰੋਤ ਕਿਵੇਂ ਬਣ ਗਏ। ਹਾਈ ਕੋਰਟ ਨੇ ਇਹ ਆਦੇਸ਼ ਦਿੱਲੀ ਹਾਈ ਕੋਰਟ ਬਾਰ ਐਸੋਸੀਏਸ਼ਨ ਵਲੋਂ ਦਾਇਰ ਪਟੀਸ਼ਨ 'ਤੇ ਦਿਤਾ ਹੈ। ਐਸੋਸੀਏਸ਼ਨ ਨੇ ਕੌਮੀ ਰਾਜਧਾਨੀ ਖੇਤਰ (ਐਨਸੀਆਰ) ਵਿਚ ਰਹਿੰਦੇ ਵਕੀਲਾਂ ਦੇ ਵਾਹਨਾਂ ਨੂੰ ਅਪਣੇ ਪੇਸ਼ੇਵਰ ਰੋਜ਼ਾਨਾ ਕੰਮਾਂ ਲਈ ਦਿੱਲੀ ਆਉਣ-ਜਾਣ ਵਾਸਤੇ ਛੋਟ ਦੇਣ ਦੀ ਮੰਗ ਕੀਤੀ ਸੀ। ਅਦਾਲਤ ਨੇ 6 ਨਵੰਬਰ ਨੂੰ ਦਿਤੇ ਆਦੇਸ਼ ਵਿਚ ਕਿਹਾ, "ਪਟੀਸ਼ਨਰ ਵਲੋਂ ਦੱਸੀ ਗਈ ਮੁਸ਼ਕਲ ਨੂੰ ਧਿਆਨ ਵਿਚ ਰੱਖਦਿਆਂ, ਦਿੱਲੀ ਦੀ ਕਿਸੇ ਵੀ ਬਾਰ ਐਸੋਸੀਏਸ਼ਨ ਦਾ ਵੈਧ ਪਾਰਕਿੰਗ ਸਟਿੱਕਰ ਰੱਖਣ ਵਾਲੇ ਵਕੀਲਾਂ ਅਤੇ ਅਦਾਲਤੀ ਅਮਲੇ ਦੀਆਂ ਕਾਰਾਂ ਨੂੰ ਅਦਾਲਤ ਦੇ ਕੰਮ-ਕਾਜ ਵਾਲੇ ਦਿਨਾਂ ਦੌਰਾਨ 1 ਨਵੰਬਰ 2026 ਤੋਂ 31 ਜਨਵਰੀ 2027 ਤੱਕ ਅਪਣਾ ਵੈਧ ਸ਼ਨਾਖਤੀ ਕਾਰਡ ਵਿਖਾ ਕੇ ਦਿੱਲੀ ਆਉਣ-ਜਾਣ ਦੀ ਛੋਟ ਦਿਤੀ ਜਾਂਦੀ ਹੈ।" **(ਪੀਟੀਆਈ)**

ਭਾਰਤ 'ਚ ਕਣਕ ਦੀ ਬਿਜਾਈ ਤੋੜੇਗੀ ਸਾਰੇ ਰਿਕਾਰਡ

ਸੰਯੁਕਤ ਰਾਸ਼ਟਰ ਦੇ ਖ਼ੁਰਾਕ ਤੇ ਖੇਤੀਬਾੜੀ ਸੰਗਠਨ ਦੀ ਤਾਜ਼ਾ ਰਿਪੋਰਟ



ਨਵੀਂ ਦਿੱਲੀ, 10 ਨਵੰਬਰ : ਭਾਰਤ ਵਿਚ ਮੌਜੂਦਾ ਸੀਜ਼ਨ ਵਿਚ ਕਣਕ ਦੀ ਬਿਜਾਈ ਰਿਕਾਰਡ ਪੱਧਰ 'ਤੇ ਪਹੁੰਚਣ ਦੀ ਉਮੀਦ ਹੈ, ਪਰ ਅੰਤਮ ਉਤਪਾਦਨ ਅਪ੍ਰੈਲ-ਮਈ, 2027 ਤੱਕ ਮੌਸਮ 'ਤੇ ਨਿਰਭਰ ਕਰੇਗਾ। ਸੰਯੁਕਤ ਰਾਸ਼ਟਰ ਦੇ ਖ਼ੁਰਾਕ ਅਤੇ ਖੇਤੀਬਾੜੀ ਸੰਗਠਨ (ਐਫ਼ਏਓ) ਨੇ ਅਪਣੀ ਤਾਜ਼ਾ ਰਿਪੋਰਟ ਵਿਚ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮੌਜੂਦਾ ਅਲ ਨੀਨੋ ਸਥਿਤੀ ਫ਼ਸਲ ਨੂੰ ਪ੍ਰਭਾਵਤ ਕਰ ਸਕਦੀ ਹੈ। ਐਫ਼ਏਓ ਨੇ ਅਪਣੀ 'ਫ਼ਸਲ ਸੰਭਾਵਨਾਵਾਂ ਅਤੇ ਭੋਜਨ ਸਥਿਤੀ' ਰਿਪੋਰਟ ਵਿਚ ਕਿਹਾ ਕਿ ਮਾਰਚ ਤੋਂ ਜੂਨ, 2027 ਦੇ ਵਿਚਕਾਰ ਕੱਟੀ ਜਾਣ ਵਾਲੀ 2027 ਦੀ ਸਰਦੀਆਂ ਦੀ ਕਣਕ ਦੀ ਫ਼ਸਲ ਦੀ ਬਿਜਾਈ ਭਾਰਤ ਸਮੇਤ ਦੂਰ ਪੂਰਬੀ ਦੇਸ਼ਾਂ ਵਿਚ ਮਿੱਟੀ ਦੀ ਲੋੜੀਂਦੀ ਨਮੀ ਦੇ ਵਿਚਕਾਰ ਜਾਰੀ ਹੈ। ਰਿਪੋਰਟ ਵਿਚ ਕਿਹਾ ਗਿਆ ਕਿ 2025 ਵਿਚ ਭਾਰਤ ਦਾ ਕਣਕ ਦਾ ਉਤਪਾਦਨ 11.71 ਕਰੋੜ ਟਨ ਸੀ ਅਤੇ 2026 ਵਿਚ 12.07 ਕਰੋੜ ਟਨ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ, ਜਦੋਂ ਕਿ ਪੰਜ ਸਾਲਾਂ ਦੀ ਔਸਤ 11.18 ਕਰੋੜ ਟਨ ਰਹੀ। ਐਫ਼ਏਓ ਨੇ ਕਿਹਾ, "ਭਾਰਤ ਵਿਚ ਲਾਭਕਾਰੀ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਅਤੇ ਖਾਦ ਸਬਸਿਡੀਆਂ ਸਮੇਤ ਸਰਕਾਰੀ ਪ੍ਰੋਤਸਾਹਨਾਂ ਦੇ ਕਾਰਨ ਕਣਕ ਦੀ ਬਿਜਾਈ ਰਿਕਾਰਡ ਪੱਧਰ ਤੱਕ ਪਹੁੰਚਣ ਦੀ ਉਮੀਦ ਹੈ।" ਇਸ ਮੁਤਾਬਕ ਚੀਨ ਵਿਚ ਕਣਕ ਦੀ ਬਿਜਾਈ ਦਾ ਰਕਬਾ ਪੰਜ ਸਾਲਾਂ ਦੀ ਔਸਤ ਦੇ ਕਰੀਬ ਅਤੇ ਪਾਕਿਸਤਾਨ ਵਿਚ ਬਿਜਾਈ ਦਾ ਰਕਬਾ ਔਸਤ ਨਾਲੋਂ ਵੱਧ ਹੋਣ ਦਾ ਅਨੁਮਾਨ ਹੈ। ਇਸ ਤੋਂ ਇਲਾਵਾ, ਦੂਰ ਪੂਰਬੀ ਦੂਜੇ ਦੇਸ਼ਾਂ ਵਿਚ ਕਣਕ-ਆਧਾਰਿਤ ਉਤਪਾਦਾਂ ਦੀ ਮਜ਼ਬੂਤ ਘਰੇਲੂ ਮੰਗ ਕਾਰਨ ਔਸਤ ਤੋਂ ਵੱਧ ਰਕਬੇ ਦੀ ਬਿਜਾਈ ਦੀ ਉਮੀਦ ਹੈ। ਐਫ਼ਏਓ ਨੇ ਕਿਹਾ ਕਿ ਅੰਤਮ ਉਤਪਾਦਨ ਅਪ੍ਰੈਲ-ਮਈ, 2027 ਤੱਕ ਮੌਸਮ 'ਤੇ ਨਿਰਭਰ ਕਰੇਗਾ, ਜਿਸ ਦੇ ਮੌਜੂਦਾ ਅਲ ਨੀਨੋ ਵਰਤਾਰੇ ਤੋਂ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। **(ਪੀਟੀਆਈ)**

ਅਮਰੀਕਾ ਦੀਆਂ ਮੱਧਕਾਲੀ ਚੋਣਾਂ ਅੰਦਰੂਨੀ ਮਾਮਲਾ : ਵਿਦੇਸ਼ ਮੰਤਰਾਲਾ

ਨਵੀਂ ਦਿੱਲੀ, 10 ਨਵੰਬਰ : ਵਿਦੇਸ਼ ਮੰਤਰਾਲਾ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਉਸ ਦੇਸ਼ ਦਾ ਅੰਦਰੂਨੀ ਮਾਮਲਾ ਹੈ ਅਤੇ ਇਨ੍ਹਾਂ ਦਾ ਭਾਰਤ-ਅਮਰੀਕਾ ਸਬੰਧਾਂ 'ਤੇ ਕੋਈ ਅਸਰ ਪੈਣ ਦੀ ਸੰਭਾਵਨਾ ਨਹੀਂ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ-ਅਮਰੀਕਾ ਸਾਂਝੇਦਾਰੀ ਨੂੰ ਵਾਸ਼ਿੰਗਟਨ ਦੀਆਂ ਦੋਵਾਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਦਾ ਮਜ਼ਬੂਤ ਸਮਰਥਨ ਪ੍ਰਾਪਤ ਹੈ ਅਤੇ ਦੋਵੇਂ ਧਿਰਾਂ ਇਸਨੂੰ ਹੋਰ ਵਧਾਉਣ ਲਈ ਵਚਨਬੱਧ ਹਨ। ਜੈਸਵਾਲ ਨੇ ਪ੍ਰੈਸ ਕਾਨਫ਼ਰੰਸ ਵਿਚ ਕਿਹਾ, "ਮੱਧਕਾਲੀ ਚੋਣਾਂ ਅਮਰੀਕਾ ਦਾ ਅੰਦਰੂਨੀ ਮਾਮਲਾ ਹਨ। ਮੇਰੀ ਇਸ 'ਤੇ ਕੋਈ ਖਾਸ ਟਿੱਪਣੀ ਨਹੀਂ ਹੈ। ਮੈਂ ਸਿਰਫ਼ ਇਹੀ ਕਹਿਣਾ ਚਾਹਾਂਗਾ ਕਿ ਭਾਰਤ-ਅਮਰੀਕਾ ਸਬੰਧਾਂ ਨੂੰ ਦੋਵਾਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਦਾ ਮਜ਼ਬੂਤ ਸਮਰਥਨ ਪ੍ਰਾਪਤ ਹੈ।" ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, "ਅਸੀਂ ਅਮਰੀਕਾ ਨਾਲ ਅਪਣੀ ਵਿਆਪਕ ਗਲੋਬਲ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੇ ਹਾਂ।" ਇਹ ਅਮਰੀਕੀ ਮੱਧਕਾਲੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਨਵੀਂ ਦਿੱਲੀ ਦੀ ਪਹਿਲੀ ਪ੍ਰਤੀਕਿਰਿਆ ਹੈ, ਜਿਸ ਵਿਚ ਰਿਪਬਲਿਕਨ ਪਾਰਟੀ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। **(ਪੀਟੀਆਈ)**

ਐਨਐਸਜੀ ਕਮਾਂਡੋਜ਼ ਦੀ ਬਦਲੇਗੀ ਵਰਦੀ

ਤੇਜ਼ ਗਰਮੀ ਕਾਰਨ ਬੇਹੋਸ਼ੀ ਦੀਆਂ ਘਟਨਾਵਾਂ ਮਗਰੋਂ ਲਿਆ ਫ਼ੈਸਲਾ



ਨਵੀਂ ਦਿੱਲੀ, 10 ਨਵੰਬਰ : ਤੇਜ਼ ਗਰਮੀ ਕਾਰਨ ਥਕਾਵਟ ਅਤੇ ਬੇਹੋਸ਼ੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਰਾਸ਼ਟਰੀ ਸੁਰੱਖਿਆ ਗਾਰਡ (ਐਨਐਸਜੀ) ਨੇ ਦੇਸ਼ ਦੀਆਂ ਕੁਝ ਪ੍ਰਮੁੱਖ ਸ਼ਖਸੀਅਤਾਂ ਨੂੰ ਵੀਆਈਪੀ ਸੁਰੱਖਿਆ ਦੇਣ ਵਾਲੇ ਅਪਣੇ ਬਲੈਕ ਕੈਟ ਕਮਾਂਡੋਜ਼ ਲਈ ਨਵੀਂ ਹਵਾਦਾਰ ਵਰਦੀਆਂ ਦੀ ਸਿਫਾਰਸ਼ ਕੀਤੀ ਹੈ।

ਸੁਰੱਖਿਆ ਸੰਸਥਾ ਦੇ ਸੂਤਰਾਂ ਨੇ ਦਸਿਆ ਕਿ ਇਹ ਫ਼ੈਸਲਾ ਅਪ੍ਰੈਲ ਵਿਚ ਵਾਪਰੀ ਇਕ ਘਟਨਾ ਤੋਂ ਬਾਅਦ ਲਿਆ ਗਿਆ ਜਦੋਂ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੀ ਸੁਰੱਖਿਆ ਲਈ ਤਾਇਨਾਤ ਇਕ ਕਮਾਂਡੋ ਬੇਹੋਸ਼ ਹੋ ਗਿਆ ਸੀ। ਅਧਿਕਾਰੀਆਂ ਅਨੁਸਾਰ, ਉਸ ਦਿਨ ਵਿਜੇਵਾੜਾ ਵਿਚ ਤਾਪਮਾਨ ਲਗਭਗ 44 ਡਿਗਰੀ ਸੈਲਸੀਅਸ ਸੀ ਅਤੇ ਕਮਾਂਡੋ ਨੇ ਅਪਣੀ ਕਾਲੀ ਵਰਦੀ ਦੇ ਨਾਲ ਇਕ ਬੁਲੇਟਪਰੂਫ਼ ਜੈਕੇਟ ਵੀ ਪਾਈ ਹੋਈ ਸੀ। ਉਨ੍ਹਾਂ ਕਿਹਾ ਕਿ ਉਸਨੇ ਅਪਣੇ ਸਿਰ 'ਤੇ ਕਾਲੀ ਟੋਪੀ ਪਾਈ ਸੀ ਅਤੇ ਇਕ ਛੋਟਾ ਹਥਿਆਰ ਉਸਦੀ ਕਮਰ ਵਿਚ ਬੰਨ੍ਹਿਆ ਹੋਇਆ ਸੀ। ਉਸਨੂੰ ਹੀਟਸਟਰੋਕ ਹੋਇਆ ਅਤੇ ਥਕਾਵਟ ਕਾਰਨ ਉਹ ਬੇਹੋਸ਼ ਹੋ ਗਿਆ। ਇਸ ਘਟਨਾ ਦੇ ਵੀਡੀਉ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਗਏ। ਨਾਇਡੂ ਵੀਡੀਉ ਵਿਚ ਪੱਤਰਕਾਰਾਂ ਨਾਲ ਗੱਲ ਕਰਦੇ ਦਿਖਾਈ ਦੇ ਰਹੇ ਹਨ। ਇਸ ਦੌਰਾਨ, ਉਸਦੇ ਕੋਲ ਖੜ੍ਹਾ ਕਮਾਂਡੋ ਅਚਾਨਕ ਬੇਹੋਸ਼ ਹੋ ਕੇ ਡਿੱਗ ਪਿਆ। ਹੋਰ ਸੁਰੱਖਿਆ ਕਰਮਚਾਰੀਆਂ ਨੇ ਤੁਰਤ ਉਸਨੂੰ ਡਿੱਗਣ ਤੋਂ ਬਚਾ ਲਿਆ। ਐਨਐਸਜੀ ਦੇ ਕਲੋਜ਼ ਪ੍ਰੋਟੈਕਸ਼ਨ ਫੋਰਸ (ਸੀਪੀਐਫ਼) ਦੇ ਕਮਾਂਡਰਾਂ ਅਤੇ ਐਨਐਸਜੀ ਹੈੱਡਕੁਆਰਟਰ ਦੇ ਮਾਹਰਾਂ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲਿਆ। ਉਨ੍ਹਾਂ ਨੇ ਸਵੀਕਾਰ ਕੀਤਾ ਕਿ ਵਧਦੀ ਗਰਮੀ ਅਤੇ ਤਾਪਮਾਨ ਵੀਆਈਪੀਜ਼ ਦੀ ਸੁਰੱਖਿਆ ਲਈ ਤਾਇਨਾਤ ਕਮਾਂਡੋਜ਼ ਦੀ ਸਿਹਤ ਨੂੰ ਪ੍ਰਭਾਵਤ ਕਰ ਰਿਹਾ ਹੈ। **(ਪੀਟੀਆਈ)**

ਵਰਦੀ ਲਈ ਨਾਈਕੋ ਫੈਬਰਿਕ ਦੀ ਸਿਫਾਰਸ਼

ਐਨਐਸਜੀ ਦੇ ਵੀਆਈਪੀ ਸੁਰੱਖਿਆ ਕਮਾਂਡੋਆਂ ਦੀਆਂ ਕਾਲੀ ਵਰਦੀਆਂ ਲਈ ਨਾਈਕੋ ਨਾਮਕ ਕਪੜੇ ਦੀ ਸਿਫਾਰਸ਼ ਕੀਤੀ ਗਈ ਹੈ, ਜੋ ਨਾਈਲੋਨ ਅਤੇ ਸੂਤੀ ਤੋਂ ਮਿਲ ਕੇ ਬਣੇ ਹੁੰਦੇ ਹਨ। ਸੂਤਰਾਂ ਅਨੁਸਾਰ, ਨਾਈਕੋ ਫੈਬਰਿਕ ਸਰੀਰ ਨੂੰ ਠੰਡਾ ਰੱਖਦਾ ਹੈ। ਇਸ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦੇ ਹੋਏ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਸੀਆਰਪੀਐਫ਼ ਦੇ ਕੋਬਰਾ ਕਮਾਂਡੋ ਵੀ ਨਾਈਕੋ ਫੈਬਰਿਕ ਤੋਂ ਬਣੀਆਂ ਵਰਦੀਆਂ ਪਹਿਨਦੇ ਹਨ। ਉਨ੍ਹਾਂ ਕਿਹਾ ਕਿ ਇਹ ਕਮਾਂਡੋ ਵਿਸ਼ੇਸ਼ ਤੌਰ 'ਤੇ ਜੰਗਲ ਯੁੱਧ ਕਾਰਜਾਂ ਲਈ ਸਿਖਲਾਈ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਨੂੰ ਅਕਸਰ ਤੇਜ਼ ਧੁੱਪ ਅਤੇ ਨਮੀ ਵਾਲੇ ਮੌਸਮ ਵਿਚ ਕੰਮ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਨਵੀਂ ਵਰਦੀ ਦਾ ਪ੍ਰੀਖਣ ਕੀਤਾ ਗਿਆ ਹੈ ਅਤੇ ਐਨਐਸਜੀ ਜਲਦੀ ਹੀ ਇਸ ਕਪੜੇ ਨੂੰ ਖ਼ਰੀਦੇਗਾ। **(ਪੀਟੀਆਈ)**

ਢਾਕਾ ਦੇ ਇਲਾਕਿਆਂ ਨੂੰ ਦਿੱਲੀ ਦਾ ਦੱਸ ਕੇ ਭਾਰਤ ਵਿਰੋਧੀ ਮੁਹਿੰਮ ਚਲਾ ਰਹੇ ਚੀਨੀ ਵਲੌਗਰ



ਨਵੀਂ ਦਿੱਲੀ, 10 ਨਵੰਬਰ : ਚੀਨੀ ਵਲੌਗਰਾਂ ਅਤੇ ਲਾਈਵਸਟਰੀਮਰਾਂ ਦੇ ਇਕ ਸਮੂਹ 'ਤੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਪੱਛੜੇ ਇਲਾਕਿਆਂ ਵਿਚ ਵੀਡੀਉ ਬਣਾ ਕੇ ਉਨ੍ਹਾਂ ਨੂੰ ਨਵੀਂ ਦਿੱਲੀ ਦਾ ਦੱਸਣ ਅਤੇ ਕਥਿਤ ਤੌਰ 'ਤੇ ਯੋਜਨਾਬੱਧ ਭਾਰਤ ਵਿਰੋਧੀ ਮੁਹਿੰਮ ਚਲਾਉਣ ਦਾ ਦੋਸ਼ ਹੈ। ਸਰਕਾਰੀ ਸੂਤਰਾਂ ਨੇ ਇਹ ਜਾਣਕਾਰੀ ਦਿਤੀ। ਸੂਤਰਾਂ ਨੇ ਦਸਿਆ ਕਿ ਇਹ ਮੁਹਿੰਮ ਗ਼ਰੀਬੀ ਨੂੰ ਦਰਸਾਉਣ ਤੱਕ ਸੀਮਿਤ ਨਹੀਂ ਹੈ, ਸਗੋਂ ਜਾਣਬੁੱਝ ਕੇ ਦੂਜੇ ਦੇਸ਼ਾਂ ਵਿਚ ਸਥਾਨਾਂ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਭਾਰਤ ਦਾ ਦੱਸ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਅਪਮਾਨਜਨਕ ਟਿੱਪਣੀਆਂ ਵੀ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਅੰਤਰਰਾਸ਼ਟਰੀ ਦਰਸ਼ਕਾਂ ਵਿਚ ਭਾਰਤੀ ਸਮਾਜ ਦੀ ਧਾਰਨਾ ਪ੍ਰਭਾਵਤ ਹੋ ਸਕਦੀਆਂ ਹਨ। ਸੂਤਰਾਂ ਅਨੁਸਾਰ, ਉਪਲਬਧ ਰਿਪੋਰਟਾਂ ਸਪੱਸ਼ਟ ਤੌਰ 'ਤੇ ਇਕ ਯੋਜਨਾਬੱਧ ਭਾਰਤ ਵਿਰੋਧੀ ਮੁਹਿੰਮ ਵਲ ਇਸ਼ਾਰਾ ਕਰਦੀਆਂ ਹਨ। ਸੂਤਰਾਂ ਨੇ ਦਸਿਆ ਕਿ ਇਹ ਵਲੌਗਰ ਢਾਕਾ ਦੇ ਵੱਖ-ਵੱਖ ਇਲਾਕਿਆਂ ਤੋਂ ਦ੍ਰਿਸ਼ ਪ੍ਰਸਾਰਿਤ ਕਰ ਰਹੇ ਹਨ ਅਤੇ ਭਾਰਤ ਜੀਵਨ ਦੀਆਂ ਸਥਿਤੀਆਂ, ਸਫ਼ਾਈ, ਖਾਣ-ਪੀਣ ਦੀਆਂ ਆਦਤਾਂ ਅਤੇ ਗ਼ਰੀਬੀ ਬਾਰੇ ਅਪਮਾਨਜਨਕ ਟਿੱਪਣੀਆਂ ਕਰ ਰਹੇ ਹਨ। ਇਸ ਨਾਲ ਭੂਗੋਲਿਕ ਸਥਾਨਾਂ ਨੂੰ ਜਾਣਬੁੱਝ ਕੇ ਗ਼ਲਤ ਢੰਗ ਨਾਲ ਪੇਸ਼ ਕਰਨ ਅਤੇ ਗੁਮਰਾਹਕੁੰਨ ਡਿਜੀਟਲ ਸਮੱਗਰੀ ਰਾਹੀਂ ਅੰਤਰਰਾਸ਼ਟਰੀ ਦਰਸ਼ਕਾਂ ਵਿਚ ਭਾਰਤ ਦੀ ਨਕਾਰਾਤਮਕ ਤਸਵੀਰ ਬਣਾਉਣ ਦੀ ਸੰਭਾਵਨਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੁੰਦੀ ਹੈ। ਸੂਤਰਾਂ ਨੇ ਦਸਿਆ ਕਿ ਢਾਕਾ ਦੇ ਟੇਕਪਾਰਾ ਅਤੇ ਉੱਤਰਾ ਖੇਤਰਾਂ ਵਿਚ ਲਗਭਗ 150 ਚੀਨੀ ਨਾਗਰਿਕ ਵੀਡੀਉ ਬਣਾਉਣ ਅਤੇ ਲਾਈਵਸਟਰੀਮਿੰਗ ਵਿਚ ਸ਼ਾਮਲ ਰਹੇ ਹਨ। ਇਹ ਗਤੀਵਿਧੀ ਕਥਿਤ ਤੌਰ 'ਤੇ ਕਈ ਮਹੀਨਿਆਂ ਤੋਂ ਜਾਰੀ ਹੈ, ਲਾਈਵਸਟਰੀਮਰ ਸਵੇਰ ਤੋਂ ਦੇਰ ਰਾਤ ਤੱਕ ਸਰਗਰਮ ਹਨ। ਸੂਤਰਾਂ ਅਨੁਸਾਰ, ਚੀਨੀ ਨਾਗਰਿਕ ਮੁੱਖ ਤੌਰ 'ਤੇ ਚੀਨੀ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪ੍ਰਸਾਰਣ ਕਰ ਰਹੇ ਹਨ। ਜਿਸ ਵਿਚ ਚੀਨ ਦਾ ਘਰੇਲੂ ਛੋਟਾ ਵੀਡੀਉ ਪਲੇਟਫਾਰਮ, ਡੂਯਿਨ, ਅਤੇ ਮੈਸੇਜਿੰਗ ਅਤੇ ਸੋਸ਼ਲ ਨੈੱਟਵਰਕਿੰਗ ਪਲੇਟਫਾਰਮ ਵੀਚੈਟ ਸ਼ਾਮਲ ਹਨ। **(ਪੀਟੀਆਈ)**

ਪੰਜਾਬ ਨੈਸ਼ਨਲ ਬੈਂਕ ... ਨਾਮ ਜਿਸ 'ਤੇ ਤੁਸੀਂ ਬੈਂਕ ਕਰ ਸਕਦੇ ਹੋ !

ਸਰਕਲ ਦਫ਼ਤਰ :ਐਸਏਐਮ ਪਠਾਨਕੋਟ
ਸਿਆਲੀ ਰੋਡ, ਨੇੜੇ ਕਮਲ ਸਵੀਟਸ, ਪਠਾਨਕੋਟ-145001, ਫੋਨ ਨੰ. 8872827770 ਮੋਬ. ਨੰ. 9216224491, 9682565741 ਈਮੇਲ :copathansam@pnb.bank.in

ਈ ਨਿਲਾਮੀ ਵਿਕਰੀ ਸੂਚਨਾ

ਸਰਫਾਇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 6 ਅਤੇ 9 ਨਾਲ ਪੜ੍ਹੇ ਜਾਂਦੇ ਰੂਲ 6(2) ਅਤੇ 8(6) ਅਧੀਨ ਆਮ ਜਨਤਾ ਲਈ 15/30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ ਅਚੱਲ ਜਾਇਦਾਦ/ਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਸੂਚਨਾ

1. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਦੁਆਰਾ ਕੀਤੀ ਜਾਵੇਗੀ।
2. ਈਐਮਡੀ ਅਤੇ ਕੇਵਾਈਸੀ ਪੋਰਟਲ https://baanknet.com ਰਾਹੀਂ ਕੀਤੀ ਜਾਵੇਗੀ।
3. BAANKNET ਹੈਲਪਡੈਸਕ ਨੰ +91 82912 20220 ਜਾਂ ਈਮੇਲ ਲਿਖੋ support.baanknet@psballiance.com

ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 6 ਅਤੇ 9 ਨਾਲ ਪੜ੍ਹੇ ਜਾਂਦੇ ਰੂਲਜ 6(2) ਅਤੇ 8(6) ਦੀ ਧਾਰਾ ਨਾਲ ਪੜ੍ਹੇ ਜਾਂਦੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ 2002 ਅਧੀਨ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ ਨਿਲਾਮੀ ਵਿਕਰੀ ਸੂਚਨਾ। ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ(ਾਂ), ਗਿਰਵੀਕਾਰ(ਾਂ) ਅਤੇ ਗਰੰਟਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜ਼ਿਡ ਹੇਠ ਦਰਸਾਈਆਂ ਚੱਲ/ਅਚੱਲ ਜਾਇਦਾਦ(ਾਂ) ਦਾ ਢਾਂਚਾਗਤ/ਭੌਤਿਕ/ਸੰਕੇਤਕ ਕਬਜ਼ਾ ਸਕਿਓਰਡ ਕ੍ਰੈਡੀਟਰ/ਬੈਂਕ ਦੇ ਅਧਿਕਾਰਤ ਅਫ਼ਸਰ ਵਲੋਂ ਲਿਆ ਜਾ ਚੁੱਕਾ ਹੈ ਜਿਹੜੀਆਂ **'ਜੋ ਹੈ ਜਿੱਥੇ ਹੈ', 'ਜੋ ਵੀ ਜਿਵੇਂ ਹੈ' ਅਤੇ 'ਜਿਵੇਂ ਹੈ ਉੱਥੇ ਹੈ' ਆਧਾਰ 'ਤੇ'** ਬੈਂਕ/ਸਕਿਓਰਡ ਕ੍ਰੈਡੀਟਰ ਦਾ ਬਕਾਇਆ ਹੇਠ ਦਰਸਾਏ ਕਰਜ਼ਦਾਰ(ਾਂ) ਅਤੇ ਗਰੰਟਰ(ਾਂ) ਤੋਂ ਵਸੂਲਣ ਲਈ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਕ੍ਰਮਵਾਰ ਜਾਇਦਾਦਾਂ ਦੇ ਵਿਰੁਧ ਹੇਠ ਟੇਬਲ ਵਿਚ ਦਰਸਾਏ ਅਨੁਸਾਰ ਹੋਵੇਗੀ।

ਲੜੀ ਨੰ:	ਬਰਾਂਚ ਦਾ ਨਾਮ, ਖਾਤੇ ਦਾ ਨਾਮ ਕਰਜ਼ਦਾਰ(ਾਂ)/ਗਰੰਟਰ(ਾਂ) ਦਾ ਨਾ ਅਤੇ ਪਤਾ	ਅਚੱਲ ਜਾਇਦਾਦਾਂ ਦਾ ਵੇਰਵਾ ਸਮੇਤ ਗਿਰਵੀਕਾਰ/ਮਾਲਕ ਦਾ ਨਾਮ (ਗਿਰਵੀਕਾਰ ਜਾਇਦਾਦਾਂ)	ਸਕਿਓਰਡ ਕ੍ਰੈਡੀਟਰ ਦੀ ਜਾਣਕਾਰੀ ਅਨੁਸਾਰ ਭੰਜਟ ਦੇ ਵੇਰਵੇ	ਏ. ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਦੀ ਮਿਤੀ, ਬੀ. ਬਕਾਇਆ ਰਕਮ, ਸੀ. ਸਰਫਾਇਸੀ ਐਕਟ 2002 ਦੇ ਸੈਕਸ਼ਨ 13(2) ਅਧੀਨ ਕਬਜ਼ੇ ਦੀ ਮਿਤੀ, ਡੀ. ਕਬਜ਼ੇ ਦੀ ਕਿਸਮ ਸੰਕੇਤਕ/ਭੌਤਿਕ/ਉਸਾਰੂ	ਏ. ਰਾਖਵੀਂ ਕੀਮਤ ਬੀ. ਬਿਆਨਾ ਰਕਮ ਜਮਾਂ ਸੀ. ਬੋਲੀ ਵਾਧਾ ਰਕਮ	ਨਿਲਾਮੀ ਦੀ ਮਿਤੀ ਨਿਲਾਮੀ ਦਾ ਸਮਾਂ
1.	ਪੀਐਨਬੀ-ਬਹਿਰਾਮਪੁਰ ਜ਼ਿਲ੍ਹਾ ਗੁਰਦਾਸਪੁਰ 059500 ਮੈਸ. ਲਾਲ ਚੰਦ ਐਂਡ ਸੰਨਜ਼ (ਰਾਹੀਂ ਇਸ ਦੇ ਹਿੱਸੇਦਾਰਾਂ) ਸ੍ਰੀ ਸਤਪਾਲ ਪੁੱਤਰ ਸ੍ਰੀ ਲਾਲ ਚੰਦ ਅਤੇ ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਲਾਲ ਚੰਦ ਵਾਸੀ ਪਿੰਡ ਅਤੇ ਡਾਕਖਾਨਾ ਨੇੜੇ ਭੂ ਮੰਦਰ, ਬਹਿਰਾਮਪੁਰ, ਜ਼ਿਲ੍ਹਾ ਗੁਰਦਾਸਪੁਰ 143532	ਲੌਟ : 1, ਜਮੀਨ ਅਤੇ ਇਮਾਰਤ ਦੀ ਈਐਮ ਮਿਣਤੀ 1/2 ਐਮ ਲਾਲ ਲਕੀਰ ਦੇ ਅੰਦਰ ਨੇੜੇ ਪਾਓ ਮੰਦਰ, ਮੇਨ ਬਾਜ਼ਾਰ ਬਹਿਰਾਮਪੁਰ ਵਿਖੇ ਟੀਡੀ ਨੰ. 793 ਤਹਿਤ ਮਿਤੀ 30.08.2001 ਨੂੰ ਸ੍ਰੀ ਸਤਪਾਲ ਪੁੱਤਰ ਸ੍ਰੀ ਲਾਲ ਚੰਦ ਦੇ ਨਾਂ 'ਤੇ ਰਜਿਸਟਰਡ ਹੈ ਸਬ ਰਜਿਸਟਰਾਰ, ਦੀਨਾਨਗਰ ਕੋਲ	Equitable Mortgage to PNB-Behrampur Distt. Gurdaspur 059500	A) 30.12.2024 B) Rs. 8,36,164/- as on 30.11.2024 + further interest w.e.f. 01.12.2024. C) 27.02.2026. D) SYMBOLIC POSSESSION.	LOT : 1 Rs. 1,73,700/- Rs. 17,370/- Rs. 10,000/-	03.12.2026 11.00 AM to 04.00 PM
		ਲੌਟ : 2, ਜਮੀਨ ਅਤੇ ਇਮਾਰਤ ਦੀ ਈਐਮ ਮਿਣਤੀ 4 ਐਮ ਲਾਲ ਲਕੀਰ ਦੇ ਅੰਦਰ ਜਿਵੇਂ ਟੀਡੀ ਨੰ. 828 ਤਹਿਤ ਮਿਤੀ 05.09.2001 ਨੂੰ ਸ੍ਰੀ ਸਤਪਾਲ ਪੁੱਤਰ ਲਾਲ ਚੰਦ ਦੇ ਨਾਂ 'ਤੇ ਸਥਿਤ ਹੈ ਨੇੜੇ ਪਾਓ ਮੰਦਰ, ਮੇਨ ਬਾਜ਼ਾਰ ਬਹਿਰਾਮਪੁਰ ਜ਼ਿਲ੍ਹਾ ਗੁਰਦਾਸਪੁਰ			LOT : 2 Rs. 15,50,000/- Rs. 1,55,000/- Rs. 10,000/-	03.12.2026 11.00 AM to 04.00 PM

1. ਵਿਕਰੀ ਸਕਿਉਰਿਟੀ ਇਸਟਰਸ (ਇਨਫੋਰਸਮੈਂਟ) ਰੂਲਜ਼ 2002 ਤਹਿਤ ਨਿਯਮ ਅਤੇ ਸ਼ਰਤਾਂ ਵਿਕਰੀ ਦਾ ਵਿਸ਼ਾ ਹੈ। 2. ਜਾਇਦਾਦਾਂ 'ਜਿਵੇਂ ਹੈ ਜਿੱਥੇ ਹੈ' ਦੇ ਆਧਾਰ 'ਤੇ ਅਤੇ 'ਜਿਵੇਂ ਹੈ ਜੋ ਹੈ ਦੇ ਆਧਾਰ 'ਤੇ' ਅਤੇ 'ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ' ਵੇਚੀ ਜਾਵੇਗੀ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮੀ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ, ਜਿਸ ਵਿੱਚ ਸ਼ਾਮਲ ਹਨ, ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ। ਬਿਜਲੀ ਲਈ ਬਕਾਇਆ ਖਰਚੇ/ਬਿੱਲ, ਘਰ ਟੈਕਸ ਆਦਿ। ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤਾਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://www.baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠ ਹਸਤਾਖਰਿਤ ਦੁਆਰਾ 03.12.2026 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਕਾਲਮ ਨੰਬਰ 6 ਵਿੱਚ ਉੱਪਰ ਦਿੱਤੇ ਸਮੇਂ ਅਨੁਸਾਰ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://www.baanknet.com, ਅਤੇ www.pnbindia.in ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਸਰਫਾਇਸੀ ਐਕਟ ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 6 ਅਤੇ 9 ਨਾਲ ਪੜ੍ਹੇ ਜਾਂਦੇ ਰੂਲ 6(2) ਅਤੇ 8(6) ਅਧੀਨ ਕਨੂੰਨੀ 15 ਦਿਨਾਂ ਦੀ ਵਿਕਰੀ ਨੋਟਿਸ

ਮਿਤੀ : 10.11.2026 ਸਥਾਨ: ਪਠਾਨਕੋਟ ਅਧਿਕਾਰਤ ਅਫ਼ਸਰ, ਪੰਜਾਬ ਨੈਸ਼ਨਲ ਬੈਂਕ